# ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਮੇਅਰ ਪਦਮਜੀਤ ਮਹਿਤਾ ਵੱਲੋਂ ਕੀਤਾ ਗਿਆ ਜੱਸੀ ਚੌਂਕ ਵਿਖੇ ਸੀਵਰੇਜ ਤੇ ਜਲ ਸਪਲਾਈ ਪ੍ਰੋਜੈਕਟ ਦਾ ਉਦਘਾਟਨ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 7 ਫਰਵਰੀ : ਨਗਰ ਨਿਗਮ ਦੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਸ੍ਰੀ ਬਲਰਾਜ ਸਿੰਘ ਪੱਕਾ ਦੇ ਵਾਰਡ ਨੰਬਰ 16 ਵਿੱਚ ਸਥਿਤ ਜੱਸੀ ਚੌਂਕ ਵਿਖੇ ਲਗਭਗ 16 ਕਰੋੜ ਰੁਪਏ ਦੀ ਲਾਗਤ ਵਾਲੇ ਸੀਵਰੇਜ ਤੇ ਜਲ ਸਪਲਾਈ ਪਾਈਪਲਾਈਨ ਪ੍ਰੋਜੈਕਟ ਦਾ ਰਸਮੀ ਉਦਘਾਟਨ ਕੀਤਾ, ਜਿਸ ਨਾਲ ਜੱਸੀ ਚੌਂਕ ਅਤੇ ਸੁਸ਼ਾਂਤ ਸਿਟੀ-2 ਦੇ ਵਸਨੀਕਾਂ ਨੂੰ ਕਾਫ਼ੀ ਰਾਹਤ ਮਿਲੀ। ਇਸ ਮੌਕੇ ਕੌਂਸਲਰ ਬਲਰਾਜ ਸਿੰਘ ਪੱਕਾ (ਐਮ.ਸੀ., ਵਾਰਡ 16) ਨਿਰਮਲ ਸਿੰਘ ਮਾਨ, ਬਲਵਿੰਦਰ ਸਿੰਘ, ਸਰਪੰਚ ਗੁਰਵਿੰਦਰ ਸਿੰਘ, ਹਰੀ ਸਿੰਘ, ਜਗਰੂਪ ਸਿੰਘ, ਦੇਵ ਸਿੰਘ, ਡਾ. ਮਨਜੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਵਾਰਡ ਨੰ. 16 ਵਿੱਚ ਜੱਸੀ ਚੌਂਕ ਅਤੇ ਸੁਸ਼ਾਂਤ ਸਿਟੀ-2 ਦੇ ਵਸਨੀਕਾਂ ਦੀ ਇਹ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਣ ਵਾਲੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਇਲਾਕੇ ਵਿੱਚ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਸਮੱਸਿਆਵਾਂ ਦਾ ਸਥਾਈ ਹੱਲ ਮਿਲੇਗਾ ਅਤੇ ਲੋਕਾਂ ਨੂੰ ਸਾਫ਼ ਤੇ ਸੁਚਾਰੂ ਪਾਣੀ ਦੀ ਸਪਲਾਈ ਮਿਲੇਗੀ।

ਮੇਅਰ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਸਮੱਸਿਆ-ਮੁਕਤ ਅਤੇ ਨਸ਼ਾ-ਮੁਕਤ ਸੂਬਾ, "ਰੰਗਲਾ ਪੰਜਾਬ" ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਲੜੀ ਤਹਿਤ ਬਠਿੰਡਾ ਨੂੰ ਦੇਸ਼ ਦੇ ਮਾਡਲ ਸ਼ਹਿਰ ਵਜੋਂ ਵਿਕਸਤ ਕਰਨ ਲਈ ਦਿਨ-ਰਾਤ ਯਤਨ ਕੀਤੇ ਜਾ ਰਹੇ ਹਨ।

ਇਸ ਮੌਕੇ ਕੌਂਸਲਰ ਬਲਰਾਜ ਸਿੰਘ ਪੱਕਾ, ਸਰਪੰਚ ਗੁਰਵਿੰਦਰ ਸਿੰਘ ਅਤੇ ਨਿਰਮਲ ਸਿੰਘ ਮਾਨ ਨੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦਾ ਪ੍ਰੋਜੈਕਟ ਦਾ ਉਦਘਾਟਨ ਕਰਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਯੋਜਨਾ ਇਲਾਕੇ ਦੇ ਵਿਕਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ।

## ਡਾ. ਮਨਜੀਤ ਸਿੰਘ ਮਝੈਲ ਜੀ ਦੀ ਪੁਸਤਕ 'ਸਿੱਪੀਆਂ ਦੇ ਮੋਤੀ' ਹੋਈ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਦਵਿੰਦਰ ਕੌਰ ਢਿੱਲੋਂ




ਚੰਡੀਗੜ੍ਹ 07 ਫਰਵਰੀ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਰਾਣੀ ਲਕਸ਼ਮੀ ਬਾਈ ਭਵਨ ਸੈਕਟਰ 38 ਚੰਡੀਗੜ੍ਹ ਵਿਖੇ ਵਿਸ਼ੇਸ਼ ਇਕੱਤਰਤਾ ਹੋਈ ਜਿਸ ਦੀ ਪ੍ਰਧਾਨਗੀ ਅਕਾਦਮੀ ਦੇ ਜਨਰਲ ਸਕੱਤਰ ਸ੍ਰੀ ਸੁਭਾਸ਼ ਭਾਸਕਰ ਜੀ ਵੱਲੋਂ ਕੀਤੀ ਗਈ।ਇਸ ਵਿੱਚ ਡਾ. ਮਨਜੀਤ ਸਿੰਘ ਮਝੈਲ ਜੀ ਦੀ ਕਾਵਿ ਪੁਸਤਕ 'ਸਿੱਪੀਆਂ ਦੇ ਮੋਤੀ' ਲੋਕ ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਸ੍ਰੀ ਸੁਭਾਸ਼ ਭਾਸਕਰ, ਡਾ.ਅਵਤਾਰ ਸਿੰਘ ਪਤੰਗ,ਸ਼੍ਰੀਮਤੀ ਪਰਮਜੀਤ ਕੌਰ ਪਰਮ,ਡਾ. ਮਨਜੀਤ ਸਿੰਘ ਮਝੈਲ, ਸ. ਗੁਰਦਰਸ਼ਨ ਸਿੰਘ ਮਾਵੀ ਤੇ ਦਵਿੰਦਰ ਕੌਰ ਢਿੱਲੋਂ ਸ਼ਾਮਿਲ ਸਨ। ਸਭ ਤੋਂ ਪਹਿਲਾਂ ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਕਿਹਾ ਤੇ ਪ੍ਰੋਗਰਾਮ ਦੀ ਰੂਪ ਰੇਖਾ ਬਾਰੇ ਜਾਣਕਾਰੀ ਦਿੱਤੀ। ਪਰਮਜੀਤ ਕੌਰ ਪਰਮ ਨੇ ਕਿਤਾਬ ਦਾ ਬਹੁਤ ਹੀ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਤੇ ਕਿਹਾ ਕਿ ਹਰ ਇੱਕ ਰਚਨਾ ਪੜ੍ਹਨ ਯੋਗ ਹੈ। ਡਾ. ਅਵਤਾਰ ਸਿੰਘ ਪਤੰਗ ਨੇ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਵਿਤਾ ਵਿੱਚ ਕਹੀ ਹਰ ਇੱਕ ਗੱਲ ਤੀਰ ਕਮਾਨ ਵਾਂਗ ਵਜਦੀ ਹੈ ਤੇ ਆਤਮ ਵਿਸ਼ਵਾਸ ਜਗਾਉਂਦੀ ਹੈ। ਸ੍ਰੀ ਸੁਭਾਸ਼ ਭਾਸਕਰ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਲੇਖਕ ਨੂੰ ਵਧਾਈ ਦਿੱਤੀ ਅਤੇ ਕੇਂਦਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰਾਂ ਦੇ ਦਮਦਾਰ ਸਮਾਗਮ ਹੋਣੇ ਚਾਹੀਦੇ ਹਨ। ਲੇਖਕ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜੇ ਸਾਡੇ ਅੰਦਰ ਸਿਰਜਣਾ ਹੈ ਤਾਂ ਉਹ ਕੁਦਰਤ ਦੀ ਨਿਆਮਤ ਹੈ ।ਇਸ ਤੋਂ ਇਲਾਵਾ ਉਹਨਾਂ ਨੇ ਕੁਝ ਆਪਣੀਆਂ ਪਸੰਦੀਦਾ ਦੀਆਂ ਰਚਨਾਵਾਂ ਸਰੋਤਿਆਂ ਦੀ ਨਜ਼ਰ ਕੀਤੀਆਂ।

ਸਮਾਗਮ ਦੇ ਦੂਸਰੇ ਦੌਰ ਵਿੱਚ ਕਵੀ ਦਰਬਾਰ ਕਰਵਾਇਆ ਗਿਆ ਜਿਸ ਦਾ ਆਗਾਜ਼ ਸੁਰਜੀਤ ਸਿੰਘ ਧੀਰ ਦੁਆਰਾ ਪੁਸਤਕ ਵਿੱਚੋਂ ਇੱਕ ਗ਼ਜ਼ਲ ਗਾਉਣ ਨਾਲ ਹੋਇਆ। ਬਲਵਿੰਦਰ ਸਿੰਘ ਢਿੱਲੋਂ ,ਬਲਜੀਤ ਕੌਰ ਢਿੱਲੋਂ , ਮੰਦਰ ਗਿੱਲ ਸਾਹਿਬਚੰਦੀਆ , ਮਲਕੀਤ ਨਾਗਰਾ,ਰਤਨ ਬਾਬਕ ਵਾਲਾ,ਭਰਪੂਰ ਸਿੰਘ,ਲਾਭ ਸਿੰਘ ਲਹਿਲੀ,ਗੁਰਦਾਸ ਸਿੰਘ ਦਾਸ ਅਤੇ ਪਿਆਰਾ ਸਿੰਘ ਰਾਹੀ ਨੇ ਤਰੰਨੁਮ ਵਿੱਚ ਬਹੁਤ ਹੀ ਖੂਬਸੂਰਤ ਰਚਨਾਵਾਂ ਸੁਣਾ ਕੇ ਸਭ ਨੂੰ ਝੂਮਣ ਲਾ ਦਿੱਤਾ।ਦਵਿੰਦਰ ਕੌਰ ਢਿੱਲੋਂ ਨੇ ਪੁਸਤਕ ਵਿੱਚੋਂ ਕੁਝ ਟੱਪੇ ਸਰੋਤਿਆਂ ਨਾਲ ਸਾਂਝੇ ਕੀਤੇ। ਤਿਲਕ ਸੇਠੀ,ਚਰਨਜੀਤ ਕਲੇਰ,ਅੰਸ਼ੁਕਰ ਮਹੇਸ਼ ਅਤੇ ਗੁਰਮੀਤ ਕੌਰ ਨੇ ਹਿੰਦੀ ਵਿੱਚ ਸ਼ੇਅਰ ਸੁਣਾ ਕੇ ਖੂਬ ਵਾਹ ਵਾਹ ਖੱਟੀ। ਰੇਖਾ ਮਿੱਤਲ ,ਕਰਿਸ਼ਮਾ ਵਰਮਾ ,ਨਰਿੰਦਰ ਕੌਰ ਲੌਂਗੀਆ,ਹਰਜੀਤ ਸਿੰਘ,ਦਰਸ਼ਨ ਸਿੰਘ ਸਿੱਧੂ,ਡਾ. ਅਨਿਲ ਬਹਿਲ ਤੇ ਪਰਲਾਦ ਸਿੰਘ ਨੇ ਆਪਣੀਆਂ ਦਿਲ ਟੁੰਬਦੀਆਂ ਕਵਿਤਾਂਵਾਂ ਨਾਲ ਹਾਜ਼ਰੀ ਲਵਾਈ । ਇਸ ਤੋਂ ਇਲਾਵਾ ਰਜਿੰਦਰ ਕੌਰ ਸਰਾਂ,ਤਰਲੋਚਨ ਸਿੰਘ ਪਬਲਿਸ਼ਰ,ਉਪਦੇਸ਼ ਸਿੰਘ,ਅਰਸ਼ਦੀਪ ਸਿੰਘ ਤੇ ਮਨਜਿੰਦਰ ਸਿੰਘ ਵੀ ਹਾਜ਼ਰ ਸਨ। ਅਖੀਰ ਵਿੱਚ ਸੰਸਥਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਜੀ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦਵਿੰਦਰ ਕੌਰ ਢਿੱਲੋਂ ਨੇ ਬਾਖੂਬੀ ਨਿਭਾਇਆ।

## ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਘਰਾਂ ਵਿੱਚ ਬੰਦੀ ਬਣਾਉਣ , ਕਿਸਾਨਾਂ ਤੇ ਬੇਤਹਾਸ਼ਾ ਲਾਠੀਚਾਰਜ ,ਅਥਰੂ ਗੈਸ ਦੇ ਗੋਲੇ ਸੁੱਟਣਾ , ਉਨ੍ਹਾਂ ਨੂੰ ਥਾਣਿਆਂ ਵਿਚ ਬੰਦ ਕਰਨਾ ਲੋਕਤੰਤਰ ਦਾ ਘਾਣ — ਜਮਹੂਰੀ ਅਧਿਕਾਰ ਸਭਾ

### ਗ੍ਰਿਫਤਾਰ ਕਿਸਾਨਾਂ ਨੂੰ ਤੁਰੰਤ ਰਿਹਾ ਕਰਨ ਤੇ ਜਿੰਮੇਵਾਰ ਪ੍ਰਸ਼ਾਸਨਕ /ਪੁਲਿਸ ਅਧਿਕਾਰੀਆਂ ਤੇ ਕਾਰਵਾਈ ਕਰਨ ਦੀ ਮੰਗ

ਵਰਲਡ ਪੰਜਾਬੀ ਟਾਈਮਜ਼ ਜਗਜੀਤ ਭੁਟਾਲ



ਸੰਗਰੂਰ :- 7ਫਰਵਰੀ : ਬਠਿੰਡਾ ਵਿੱਚ ਲੰਮੇ ਸਮੇਂ ਤੋਂ ਫ਼ਰਜ਼ੀ ਕੇਸਾਂ ਵਿੱਚ ਬੰਦ ਕੀਤੇ ਕਿਸਾਨ ਆਗੂਆਂ ਦੀ ਰਿਹਾਈ ਨੂੰ ਲੈਕੇ ਦਿੱਤੇ ਜਾ ਰਹੇ ਧਰਨੇ, ਅਤੇ ਰੋਸ ਪਰਗਟ ਕਰਨ ਆ ਰਹੇ ਕਿਸਾਨਾਂ ਉੱਤੇ ਪੁਲਿਸ ਵਲੋਂ ਕੀਤਾ ਗਿਆ, ਬੇਤਹਾਸ਼ਾ ਲਾਠੀਚਾਰਜ ਅਤੇ ਅੱਥਰੂ ਗੈਸ ਦੇ ਗੋਲੇ ਸੁੱਟ ਕੇ ਖਿੰਡਾਉਣ ਦੀ ਕਾਰਵਾਈ ਅਤਿ ਨਿੰਦਣਯੋਗ ਹੈ, ਅਤੇ ਇਹ ਨਿਆਂ ਦੀ ਮੰਗ ਦਾ ਗਲਾ ਘੁੱਟਣ ਦੇ ਸਮਾਨ ਹੈ।ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਸਰਕਾਰ ਦੇ ਇਸ ਜਾਬਰ ਰਵਈਏ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ, ਅਤੇ ਆਪਣੀਆਂ ਸਾਰੀਆਂ ਇਕਾਈਆਂ ਅਤੇ ਜਮਹੂਰੀਅਤ ਪਸੰਦ ਤਾਕਤਾਂ ਨੂੰ ਇਸ ਵਿਰੁੱਧ ਹਰ ਸੰਭਵ ਢੰਗ ਨਾਲ ਰੋਸ ਪਰਗਟ ਕਰਨ ਦਾ ਸੱਦਾ ਦਿੰਦੀ ਹੈ।

ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਅਤੇ ਜਰਨਲ ਸੱਕਤਰ ਕੁਲਦੀਪ ਸਿੰਘ, ਮੀਤ ਪ੍ਰਧਾਨ ਬਸ਼ੇਸ਼ਰ ਰਾਮ, ਪ੍ਰੈਸ ਸਕੱਤਰ ਜੁਝਾਰ ਲੌਂਗੋਵਾਲ, ਸੂਬਾ ਕਮੇਟੀ ਮੈਂਬਰ ਮਨਧੀਰ ਰਾਜੋਮਾਜਰਾ ਤੇ ਸਹਾਇਕ ਸੱਕਤਰ ਕੁਲਵਿੰਦਰ ਬੰਟੀ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਪਿੰਡ ਚਾਉਕੇ ਵਿੱਚ ਸਕੂਲ ਅਧਿਆਪਕਾਂ ਦੇ ਸੰਘਰਸ਼ ਦੀ ਹਮਾਇਤ ਨੂੰ ਲੈਕੇ ਚਲੇ ਸੰਘਰਸ਼ ਵਿਚ ਕੁਝ ਕਿਸਾਨ ਸਾਥੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ, ਅਤੇ ਨੇ ਹੀ ਉਹਨਾਂ ਉੱਤੇ ਦਰਜ ਕੇਸ ਨੂੰ ਅੱਗੇ ਤੋਰਿਆ ਜਾ ਰਿਹਾ ਹੈ, ਅਤੇ ਨੇ ਹੀ ਉਹਨਾਂ ਨੂੰ ਜਮਾਨਤ ਹੀ ਦਿੱਤੀ ਜਾ ਰਹੀ ਹੈ। ਸਰਕਾਰ ਦੀ ਇਹ ਨੀਤੀ ਸੰਘਰਸ਼ ਕਰਦੇ ਲੋਕਾਂ ਨੂੰ ਦਬਾਉਣਾ ਅਤੇ ਪਰੇਸ਼ਾਨ ਕਰਨ ਦੀ ਹੈ।ਜਿਸ ਨੂੰ ਲੈਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨੇ ਅੱਜ ਡੀ ਸੀ ਬਠਿੰਡਾ ਦੇ ਦਫਤਰ ਮੂਹਰੇ ਅਣਮਿੱਥੇ ਸਮੇਂ ਲਈ ਧਰਨਾ ਲਾਉਣ ਦਾ ਐਲਾਨ ਕੀਤਾ ਸੀ।

ਇਸ ਨੂੰ ਲੈਕੇ ਬੁਖਲਾਹਟ ਵਿੱਚ ਆਈ ਪੰਜਾਬ ਸਰਕਾਰ ਨੇ ਪਹਿਲਾਂ ਤਾਂ ਰਾਤ ਭਰ ਮਾਲਵੇ ਖੇਤਰ ਦੇ ਉੱਘੇ ਕਿਸਾਨ ਆਗੂਆਂ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਅਤੇ ਜਦੋਂ ਪਿੰਡਾਂ ਵਿਚੋਂ ਵੱਡੀ ਗਿਣਤੀ ਵਿਚ ਕਿਸਾਨ ਧਰਨਾ ਸਥਲ ਵੱਲ ਆ ਰਹੇ ਸਨ, ਤਾਂ ਬੇਤਹਾਸ਼ਾ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਸੁੱਟ ਕੇ ਰੋਕਣ ਦੀ ਕੋਸ਼ਿਸ਼ ਕੀਤੀ।

ਸਭਾ ਦੇ ਬੁਲਾਰਿਆਂ ਨੇ ਕਿਹਾ ਨਿਆਂ ਦੀ ਮੰਗ ਨੂੰ ਲੈਕੇ ਰੋਸ ਪਰਗਟ ਕਰਨ ਲੋਕਾਂ ਦਾ ਬੁਨਿਆਦੀ ਅਧਿਕਾਰ ਹੈ, ਸਰਕਾਰ ਨੇ ਪੁਲਿਸ ਦੀ ਅੰਨ੍ਹੀ ਵਰਤੋਂ ਕਰਕੇ ਨਾ ਸਿਰਫ ਉਹਨਾਂ ਦੇ ਇਸ ਅਧਿਕਾਰ ਨੂੰ ਕੁਚਲਿਆ ਹੈ,ਸਗੋਂ ਲੋਕਾਂ ਦੀ ਆਵਾਜ਼ ਤੇ ਸੰਘਰਸ਼ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਹੈ।

ਚਾਹੀਦਾ ਤਾਂ ਇਹ ਦੀ ਕਿ ਸਰਕਾਰ ਅਤੇ ਅਧਿਕਾਰੀ ਇਸ ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕਰਦੇ, ਪਰ ਹਕੂਮਤ ਵਲੋਂ ਵਰਤੀ ਅੰਨ੍ਹੀ ਤਾਕਤ ਨੇ ਮਸਲੇ ਨੂੰ ਹੋਰ ਪੇਚੀਦਾ ਬਣਾ ਦਿੱਤਾ ਹੈ।
ਪੁਲਿਸ ਨੇ ਵੱਡੀ ਪੱਧਰ ਉਤੇ ਕਿਸਾਨਾਂ ਦੀਆਂ ਗਿਰਫਤਰੀਆਂ ਵੀ ਕੀਤੀਆਂ ਹਨ, ਜਿਹੜੇ ਵੱਖ ਵੱਖ ਥਾਣਿਆਂ ਵਿਚ ਬੰਦ ਕੀਤੇ ਗਏ ਹਨ।
ਸਭਾ ਗ੍ਰਿਫਤਾਰ ਕਿਸਾਨਾਂ ਨੂੰ ਫੌਰੀ ਰਿਹਾ ਕਰਨ ਦੀ ਮੰਗ ਵੀ ਕਰਦੀ ਹੈ ਤੇ ਜਿੰਮੇਵਾਰ ਪ੍ਰਸ਼ਾਸਨਕ /ਪੁਲਿਸ ਅਧਿਕਾਰੀਆਂ ਤੇ ਕਾਰਵਾਈ ਦੀ ਮੰਗ ਕਰਦੀ ਹੈ।
ਸਭਾ ਨੇ ਪੰਜਾਬ ਦੀਆਂ ਜਮਹੂਰੀ ਪਸੰਦ ਤਾਕਤਾਂ ਨੂੰ ਇਸ ਵਿਰੁੱਧ ਜੋਰਦਾਰ ਰੋਸ ਪਰਗਟ ਕਰਨ ਦਾ ਸੱਦਾ ਦਿੱਤਾ ਹੈ।

## ਬਿਜਲੀ/ ਕਾਵਿ ਵਿਅੰਗ



ਇਕ ਪਾਸੇ ਗਰਮੀ ਵੱਟ ਕੱਢੀ ਜਾਵੇ,
ਦੂਜੇ ਪਾਸੇ ਬਿਜਲੀ ਦੇ ਕੱਟ ਲੱਗੀ ਜਾਵਣ।

ਇਕ ਪਾਸੇ ਮੀਂਹ ਪੈਣ ਦਾ ਨਾਂ ਲਵੇ ਨਾ,
ਦੂਜੇ ਪਾਸੇ ਝੋਨਾ ਲਾਉਣ ਵਾਲੇ ਨਾ ਤਰਸ ਖਾਵਣ।

ਸਾਨੂੰ ਉੱਪਰੋਂ ਹੁਕਮ ਆਵਣ ਕੱਟ ਲਾਵਣ ਦੇ,
ਬਿਜਲੀ ਵਾਲੇ ਏਦਾਂ ਫਰਮਾਈ ਜਾਵਣ।

ਲਾਏ ਲੋਕਾਂ ਨੇ ਭਾਵੇਂ ਐੱਲ. ਈ. ਡੀ. ਦੇ ਬਲਬ,
ਫਿਰ ਵੀ ਬਿੱਲ ਹਜ਼ਾਰਾਂ 'ਚ ਆਈ ਜਾਵਣ।

ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸਿੰਘ ਮਾਨ

## ਪਿੰਡ ਰਾਏਸਰ ਪੰਜਾਬ ਵਿਖੇ 52ਵਾਂ ਸਲਾਨਾ ਮੇਲਾ ਤੇ ਭੰਡਾਰਾ ਕਰਵਾਇਆ

ਵਰਲਡ ਪੰਜਾਬੀ ਟਾਈਮਜ਼ ਜਗਮੋਹਨ ਸ਼ਾਹ ਰਾਏਸਰ



ਮਹਿਲ ਕਲਾਂ, 7 ਫਰਵਰੀ : ਪਿੰਡ ਰਾਏਸਰ ਪੰਜਾਬ ਵਿਖੇ ਪੀਰ ਗਿਆਰਵੀਂ ਵਾਲੇ ਦੀ ਦਰਗਾਹ ਕਾਲਸਾਂ ਪੱਤੀ 'ਚ ਸਮੂਹ ਨਗਰ ਨਿਵਾਸੀਆਂ , ਗ੍ਰਾਮ ਪੰਚਾਇਤਾਂ ਅਤੇ ਐੱਨ. ਆਰ. ਆਈ ਵੀਰਾਂ ਦੇ ਸਹਿਯੋਗ ਨਾਲ 52ਵਾਂ ਸਲਾਨਾ ਮੇਲਾ ਤੇ ਭੰਡਾਰਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਗਿਆ | ਪੀਰਾਂ ਦੀ ਦਰਗਾਹ ਤੇ ਫੁੱਲਾਂ ਦੀ ਵਰਖਾ ਨਾਲ ਚਾਦਰ ਦੀ ਰਸਮ ਕੀਤੀ ਗਈ|ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪ੍ਰਬੰਧਕਾਂ ਨੂੰ ਇਸ ਉੱਦਮ ਦੀ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਾਨੂੰ ਮਿਲ ਬੈਠ ਕੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਤਕੜਾ ਕਰਨ ਦਾ ਸੰਦੇਸ਼ ਦਿੰਦੇ ਹਨ| ਮਸ਼ਹੂਰ ਕੱਵਾਲੀ ਰਫ਼ੀ ਹਿੰਮਤਪੁਰਾ ਐਂਡ ਪਾਰਟੀ ਨੇ "ਉੱਥੇ ਅਮਲਾਂ ਦੇ ਹੋਣ ਨੇ ਨਬੇੜੇ ਕਿਸੇ ਨਾ ਤੇਰੀ ਜਾਤ ਪੁੱਛਣੀ","ਵੰਗਾਂ ਇਸ਼ਕ ਦੀਆਂ"ਆਦਿ ਕੱਵਾਲੀਆਂ ਗਾ ਕੇ ਸੰਗਤਾਂ ਨੂੰ ਝੂੰਮਣ ਲਾ ਦਿੱਤਾ| ਗਾਇਕ ਸਿਦਕਵੀਰ, ਚੰਨੀ ਚੱਕ ਵਾਲਾ, ਮਨਦੀਪ ਮੰਨੂੰ ਰਾਏਕੋਟੀ,ਅਸੀਮ ਖ਼ਾਨ ਨੇ ਵੀ ਧਾਰਮਿਕ ਗੀਤਾਂ ਨਾਲ ਆਪਣੀ ਹਾਜ਼ਰੀ ਲਵਾਈ|ਇਸ ਮੌਕੇ ਥਾਣਾ ਮਹਿਲ ਕਲਾਂ ਦੇ ਮੁਖੀ ਸਰਬਜੀਤ ਸਿੰਘ ਰੰਗੀਆਂ, ਕਾਂਗਰਸੀ ਆਗੂ ਗੁਰਮੇਲ ਮੌੜ, ਸਰਪੰਚ ਬਚਿੱਤਰ ਸਿੰਘ, ਸਰਪੰਚ ਸੁਰਿੰਦਰ ਕੌਰ,ਬਾਬਾ ਨੀਲੇ ਸ਼ਾਹ, ਬਾਬਾ ਨੇਕ ਸ਼ਾਹ ,ਬਾਬਾ ਲੱਧੇ ਸ਼ਾਹ,ਬਾਬਾ ਜੰਗ ਸਿੰਘ,ਬਾਬਾ ਸਰਦਾਰਾ ਸ਼ਾਹ, ਸਾਬਕਾ ਸਰਪੰਚ ਗੁਰਪ੍ਰੀਤ ਸਿੰਘ, ਹਰਮੰਦਰ ਸਿੰਘ ਕਾਲਾ, ਜਸਵਿੰਦਰ ਸਿੰਘ ਕਾਕਾ ਆਦਿ ਆਗੂ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ|ਮੇਲੇ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਪ੍ਰਬੰਧਕ ਕਮੇਟੀ ਗੁਰਦੀਸ਼ ਸਿੰਘ ਦੁੱਲਾ, ਲਖਵਿੰਦਰ ਲੱਖੀ, ਬਲਬੀਰ ਬੀਰਾ, ਇੰਦਰਜੀਤ ਗਿੱਲ,ਹਾਕਮ ਸਿੰਘ ਭੋਲਾ,ਸਰਬਾ ਸਿੱਧੂ,ਸੋਖਾ ਖਾਨ,ਮਾਣਕ ਤਾਰੀ, ਗੁਰਪ੍ਰੀਤ ਗਿੱਲ, ਜਗਦੀਸ਼ ਗਿੱਲ,ਹੈਪੀ ਗਿੱਲ,ਹਰਮਨ ਗਿੱਲ, ਬੰਟੀ ਸਿੰਘ, ਰੇਸ਼ਮ ਧਾਲੀਵਾਲ, ਤਰਸੇਮ ਸਿੰਘ,ਲਾਲੀ ਖ਼ਾਨ,ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ|ਸਟੇਜ ਦੀ ਜ਼ਿੰਮੇਵਾਰੀ ਜਗਮੋਹਣ ਸ਼ਾਹ ਨੇ ਬਾਖੂਬੀ ਢੰਗ ਨਾਲ ਨਿਭਾਈ|ਆਖੀਰ ਵਿੱਚ ਸਤਨਾਮ ਸਿੰਘ ਗਿੱਲ ਅਤੇ ਲਖਵੀਰ ਸਿੰਘ ਕਾਕਾ ਨੇ ਮੇਲੇ ਨੂੰ ਸਹਿਯੋਗ ਦੇਣ ਵਾਲੇ ਅਤੇ ਮੇਲੇ ਵਿੱਚ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ|

## ਬੀ ਕੇ ਯੂ (ਉਗਰਾਹਾਂ) ਦੇ ਕਿਸਾਨ ਕਾਫ਼ਲਿਆਂ ਉਤੇ ਲਾਠੀਚਾਰਜ,ਗ੍ਰਿਫ਼ਤਾਰੀਆਂ ਅਤੇ ਛਾਪੇਮਾਰੀ ਦੀ ਸਖ਼ਤ ਨਿਖੇਧੀ

### ਨਿਆਂ ਲੈਣ ਲਈ ਜਮਹੂਰੀ ਢੰਗ ਨਾਲ ਰੋਸ ਪ੍ਰਦਰਸ਼ਨ ਕਰਨਾ ਨਾਗਰਿਕਾਂ ਦਾ ਸੰਵਿਧਾਨਕ ਹੱਕ :ਤਰਕਸ਼ੀਲ ਸੁਸਾਇਟੀ

ਵਰਲਡ ਪੰਜਾਬੀ ਟਾਈਮਜ਼ ਸੁਮੀਤ ਅੰਮ੍ਰਿਤਸਰ



ਬਰਨਾਲਾ 7 ਫਰਵਰੀ : ਤਰਕਸ਼ੀਲ ਸੁਸਾਇਟੀ ਪੰਜਾਬ ਨੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੂਬਾਈ ਪ੍ਰਧਾਨ ਜੋਗਿੰਦਰ ਉਗਰਾਹਾਂ ਅਤੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਦੇ ਘਰਾਂ ਉਤੇ ਪੰਜਾਬ ਪੁਲੀਸ ਵੱਲੋਂ ਛਾਪੇਮਾਰੀ,ਕਿਸਾਨ ਕਾਫ਼ਲਿਆਂ ਉੱਤੇ ਬੇਤਹਾਸ਼ਾ ਲਾਠੀਚਾਰਜ ਅਤੇ ਕਿਸਾਨ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਨ੍ਹਾਂ ਗੈਰ ਕਾਨੂੰਨੀ ਤਾਨਾਸ਼ਾਹੀ ਹਥਕੰਡਿਆਂ ਨੂੰ ਤੁਰੰਤ ਬੰਦ ਕਰਨ ਅਤੇ ਗ੍ਰਿਫ਼ਤਾਰ ਕਿਸਾਨ- ਮਜ਼ਦੂਰ ਆਗੂਆਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।

ਸੁਸਾਇਟੀ ਦੇ ਸੂਬਾਈ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ,ਰਾਮ ਸਵਰਨ ਲੱਖੇਵਾਲੀ ਸੁਖਵਿੰਦਰ ਬਾਗਪੁਰ ਅਤੇ ਸੁਮੀਤ ਅੰਮ੍ਰਿਤਸਰ ਨੇ ਤਰਕਸ਼ੀਲ ਭਵਨ ਬਰਨਾਲਾ ਤੋਂ ਇੱਕ ਪ੍ਰੈੱਸ ਬਿਆਨ ਰਾਹੀਂ ਪੰਜਾਬ ਸਰਕਾਰ ਅਤੇ ਪੁਲੀਸ ਦੇ ਤਾਨਾਸ਼ਾਹੀ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਸਾਮਰਾਜ ਪੱਖੀ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ, ਅਣਮਿੱਥੇ ਸਮੇਂ ਦੀ ਜੇਲ ਨਜ਼ਰਬੰਦੀ,ਕਾਲੇ ਕਾਨੂੰਨਾਂ ਅਤੇ ਹਕੂਮਤੀ ਜ਼ਬਰ ਦੇ ਵਿਰੁੱਧ ਜਮਹੂਰੀ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰਨਾ ਜਨਤਕ ਜਥੇਬੰਦੀਆਂ ਅਤੇ ਆਮ ਨਾਗਰਿਕਾਂ ਦਾ ਸੰਵਿਧਾਨਿਕ ਹੱਕ ਹੈ ਜਿਸਨੂੰ ਕਿਸੇ ਵੀ ਹਕੂਮਤੀ ਜ਼ਬਰ ਨਾਲ ਦਬਾਇਆ ਨਹੀਂ ਜਾਣਾ ਚਾਹੀਦਾ।

ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਆਦਰਸ਼ ਸਕੂਲ ਚਾਉਕੇ ਦੀ ਭ੍ਰਿਸ਼ਟ ਮੈਨੇਜਮੈਂਟ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਕਰਨ ਦੀ ਥਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਦੋ ਆਗੂਆਂ ਸ਼ਗਨਪ੍ਰੀਤ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਚਾਉਕੇ ਨੂੰ ਪਿਛਲੇ ਦਸ ਮਹੀਨਿਆਂ ਤੋਂ ਝੂਠੇ ਕੇਸਾਂ ਹੇਠ ਜੇਲ੍ਹ ਵਿੱਚ ਡੱਕਿਆ ਹੋਇਆ ਹੈ ਅਤੇ ਉਨ੍ਹਾਂ ਦੇ ਕੇਸਾਂ ਦੀ ਨਾ ਤਾਂ ਕੋਈ ਸੁਣਵਾਈ ਕੀਤੀ ਜਾ ਰਹੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਜ਼ਮਾਨਤ ਉਤੇ ਰਿਹਾਅ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਬੇਇਨਸਾਫ਼ੀ ਦੇ ਵਿਰੋਧ ਵਿੱਚ 6 ਫਰਵਰੀ ਨੂੰ ਬਠਿੰਡਾ ਵਿੱਚ ਲਾਏ ਜਾ ਰਹੇ ਪੱਕੇ ਧਰਨੇ ਨੂੰ ਰੋਕਣ ਲਈ ਜਿਸ ਤਰਾਂ ਪੰਜਾਬ ਪੁਲੀਸ ਵੱਲੋਂ ਸਾਰੇ ਕਾਨੂੰਨ ਛਿੱਕੇ ਟੰਗ ਕੇ ਛਾਪੇਮਾਰੀ,ਲਾਠੀਚਾਰਜ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ ਉਸਨੂੰ ਪੰਜਾਬ ਦੇ ਸੰਘਰਸ਼ਸ਼ੀਲ ਲੋਕ ਅਤੇ ਸਮੂਹ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕਰਨਗੀਆਂ ਅਤੇ ਇਸਦਾ ਡਟਵਾਂ ਵਿਰੋਧ ਕੀਤਾ ਜਾਵੇਗਾ।